# ਇਕਾਂਗੀ - ਬੰਬ ਕੇਸ

## ਇਕਾਂਗੀਕਾਰ - ਬਲਵੰਤ ਗਾਰਗੀ

## 2. ਵੀਰਾਂਵਾਲੀ - ਪਾਤਰ-ਚਿਤਰਨ

**1. ਜਾਣ-ਪਛਾਣ –** ਵੀਰਾਂਵਾਲੀ ਬੰਬ ਕੇਸ ਇਕਾਂਗੀ ਦੀ ਮਹੱਤਵਪੂਰਨ ਪਾਤਰ ਹੈ। ਉਹ ਇੱਕ ਸ਼ਰਨਾਰਥੀ ਅਤੇ ਦੁਖੀ ਇਸਤਰੀ ਹੈ। ਉਸ ਦੇ ਤਿੰਨ ਪੁੱਤਰ ਅਤੇ ਇੱਕ ਧੀ ਹੈ। ਉਸ ਦਾ ਇੱਕ ਪੁੱਤਰ ਵਜ਼ੀਰਾ ਇਕਾਂਗੀ ਦਾ ਇੱਕ ਪਾਤਰ ਹੈ। ਦੀਪੋ ਉਸ ਦੀ ਧੀ ਹੈ। ਇਕਾਂਗੀਕਾਰ ਨੇ ਉਸ ਦੀ ਇੱਕ ਮਾਂ ਦੇ ਰੂਪ ਵਿੱਚ ਸਫਲ ਪਾਤਰ ਸਿਰਜਨਾ ਕੀਤੀ ਹੈ। ਉਹ ਰਾਂਗਲੀਆਂ ਪੀੜ੍ਹੀਆਂ ਉੱਪਰ ਸੁੰਦਰ ਵੇਲ- ਬੂਟੇ ਪਾ ਲੈਂਦੀ ਹੈ ।

**2. ਪੁੱਤਰ ਪਿਆਰ ਨਾਲ ਭਰਪੂਰ –** ਉਹ ਪੁੱਤਰ ਪਿਆਰ ਨਾਲ ਭਰਪੂਰ ਔਰਤ ਹੈ। ਭਾਵੇਂ ਉਹ ਆਪਣੇ ਪੁੱਤਰਾਂ ਤੋਂ ਨਿਰਾਸ਼ ਹੈ, ਕਿਉਂਕਿ ਉਹ ਆਪਸ ਵਿੱਚ ਲੜਦੇ ਝਗੜਦੇ ਰਹਿੰਦੇ ਹਨ ਅਤੇ ਆਪਣੀ ਮਾਂ ਪਰਵਾਹ ਵੀ ਨਹੀਂ ਕਰਦੇ, ਪਰ ਉਹ ਕਹਿੰਦੀ ਹੈ ਕਿ ਮਾਪੇ ਕੁਮਾਪੇ ਨਹੀਂ ਹੁੰਦੇ। ਜਦੋਂ ਥਾਣੇਦਾਰ ਉਸ ਦੇ ਪੁੱਤਰ ਨੂੰ ਗ੍ਰਿਫ਼ਤਾਰ ਕਰ ਲੈਂਦਾ ਹੈ ਤਾਂ ਉਹ ਪੁੱਤਰ ਪਿਆਰ ਵਿੱਚ ਉਸ ਨੂੰ ਛਡਾਉਣ ਲਈ ਤਰਲੋ-ਮੱਛੀ ਹੁੰਦੀ ਹੈ।

**3. ਧੀ ਦੇ ਵਿਆਹ ਦਾ ਫਿਕਰ ਕਰਨ ਵਾਲੀ –** ਉਹ ਧੀ ਦੇ ਵਿਆਹ ਦਾ ਫਿਕਰ ਕਰਨ ਵਾਲੀ ਹੈ। ਉਹ ਆਪਣੀ ਧੀ ਦੇ ਵਿਆਹ ਦਾ ਬਹੁਤ ਫ਼ਿਕਰ ਕਰਦੀ ਹੈ। ਉਹ ਕਹਿੰਦੀ ਹੈ, "ਹੇ ਰੱਬਾ! ਹੁਣ ਇਹ ਸਿਆਣੀ ਹੋ ਗਈ ਏ, ਕੋਈ ਮੁੰਡਾ ਲੱਭੇ, ਤਾਂ ਇਸ ਦਾ ਵੀ ਤ੍ਰੋਪਾ ਭਰਾਂ।"

**4. ਧੀ ਨਾਲ ਵਿਤਕਰਾ ਕਰਨ ਵਾਲੀ –** ਉਹ ਪੁੱਤਰ ਦੇ ਮੁਕਾਬਲੇ ਧੀ ਨਾਲ ਵਿਤਕਰਾ ਰੱਖਦੀ ਹੈ। ਉਹ ਦੀਪੋ ਤੋਂ ਗੁੜ ਦੀ ਡਲੀ ਲੈ ਲੈਂਦੀ ਹੈ, ਜਿਹੜੀ ਕਿ ਉਸ ਨੇ ਲੁਕਾ ਕੇ ਆਪਣੇ ਪੁੱਤਰ ਲਈ ਰੱਖੀ ਹੋਈ ਸੀ। ਮਾਂ ਦੇ ਅਜਿਹੇ ਵਤੀਰੇ ਨੂੰ ਦੇਖ ਕੇ ਦੀਪੋ ਨੂੰ ਗੁੱਸਾ ਲੱਗਦਾ ਹੈ ।

**5. ਨਿੱਡਰ ਤੇ ਹੌਂਸਲੇ ਵਾਲੀ –** ਉਹ ਹੌਂਸਲੇ ਵਾਲੀ ਅਤੇ ਨਿੱਡਰ ਔਰਤ ਹੈ। ਉਹ ਖੂਹ ਵਿੱਚ ਵੜ ਕੇ ਕੋਈ ਚੀਜ਼ ਕੱਢਣ ਦੀ ਹਿੰਮਤ ਰੱਖਦੀ ਹੈ। ਇੱਕ ਵਾਰ ਖੂਹ ਵਿੱਚ ਮੇਮਣਾ ਡਿੱਗ ਪਿਆ, ਤਾਂ ਉਹ ਖੂਹ ਵਿੱਚ ਵੜ ਕੇ ਕੱਢ ਲਿਆਈ।

**6. ਭੋਲੀ-ਭਾਲੀ ਇਸਤਰੀ –** ਉਹ ਭੋਲੀ-ਭਾਲੀ ਔਰਤ ਹੈ। ਥਾਣੇਦਾਰ ਅਤੇ ਸਿਪਹੀ ਦੀਆਂ ਚੁਸਤ ਗੱਲਾਂ ਸਮਝ ਨਹੀਂ ਸਕਦੀ। ਜਦੋਂ ਸਿਪਾਹੀ ਜੇਲ੍ਹ ਨੂੰ ਵਿਅੰਗ ਨਾਲ ਉਸ ਦੇ ਪੁੱਤਰ ਲਈ ਮਿਲ ਰਹੀ ਮੁਫਤ ਸਰਕਾਰੀ ਕੋਠੜੀ ਦੱਸਦਾ ਹੋਇਆ ਕਹਿੰਦਾ ਹੈ ਕਿ ਉਥੇ ਉਸ ਨੂੰ ਮੁਫਤ ਖਾਣਾ ਵੀ ਮਿਲੇਗਾ, ਤਾਂ ਉਹ ਇਸ ਨੂੰ ਸੱਚ-ਮੁੱਚ ਮਦਦ ਸਮਝ ਕੇ ਥਾਣੇਦਾਰ ਅਤੇ ਸਿਪਾਹੀ ਦਾ ਧੰਨਵਾਦ ਕਰਦੀ ਹੈ।

**7. ਇੱਕ ਦੁਖੀ ਇਸਤਰੀ –** ਉਹ ਇੱਕ ਦੁੱਖੀ ਅਤੇ ਦੇਸ਼ ਦੀ ਵੰਡ ਸਮੇਂ ਉਜੜ ਕੇ ਆਈ ਹੋਈ ਸ਼ਰਨਾਰਥੀ ਔਰਤ ਹੈ। ਉਹ ਆਰਥਿਕ ਤੰਗੀਆਂ ਦੀ ਸ਼ਿਕਾਰ ਹੋਣ ਕਰਕੇ ਅਤੇ ਆਪਣੇ ਪੁੱਤਰ ਦੇ ਬਿਨਾਂ ਕਿਸੇ ਕਸੂਰ ਦੇ ਫੜ੍ਹੇ ਜਾਣ ਕਰਕੇ ਦੁਖੀ ਹੈ।




**ਤਿਆਰ ਕਰਤਾ - ਗੁਰਦੀਪ ਸਿੰਘ ਪੰਜਾਬੀ ਮਾਸਟਰ**
**ਸਰਕਾਰੀ ਸੀਨੀ. ਸੈਕੰ. ਸਕੂਲ ਕੋਟਲੀ ਅਬਲੂ,**
**ਸ੍ਰੀ ਮੁਕਤਸਰ ਸਾਹਿਬ**
**ਮੋ. 9193700037**


ਮਿਤੀ:- 6 ਮਈ 2020